British Columbia

BCCGA™

ਬ੍ਰਿਟਿਸ਼ ਕੋਲੰਬੀਆ ਕੌਮਨ ਗਰਾਊਂਡ ਅਲਾਇੰਸ



# ਸੁਰੱਖਿਆ ਇਕ ਸਾਂਝੀ ਜ਼ਿੰਮੇਵਾਰੀ ਹੈ

**ਸਾਡਾ ਪੁਟਾਈ ਕਰਨ ਵਾਲਿਆਂ ਦਾ ਨੈੱਟਵਰਕ ਬੀ ਸੀ ਭਰ ਵਿੱਚ 2500 ਤੋਂ ਵੱਧ ਜ਼ਮੀਨ ਦੀ ਪੁਟਾਈ ਕਰਨ ਵਾਲਿਆਂ ਦੀ ਪ੍ਰਤੀਨਿਧਤਾ ਕਰਦਾ ਹੈ...**

ਜ਼ਮੀਨ ਹੇਠਲੇ ਬੁਨਿਆਦੀ ਢਾਂਚੇ ਦੇ ਸੰਬੰਧ ਵਿੱਚ ਵਰਕਰਾਂ ਦੀ ਸੁਰੱਖਿਆ, ਜਨਤਕ ਸੁਰੱਖਿਆ ਅਤੇ ਨੁਕਸਾਨ ਦੀ ਰੋਕਥਾਮ ਦੇ ਸੰਬੰਧ ਵਿੱਚ ਸੱਭ ਤੋਂ ਉੱਚੇ ਮਿਆਰਾਂ ਨੂੰ ਯਕੀਨੀ ਬਣਾਉਣ ਲਈ ਅਸੀਂ ਇਕਸਾਰ ਕਾਰਜ ਪ੍ਰਣਾਲੀਆਂ ਅਤੇ ਗਤੀ ਵਿਧੀਆਂ 'ਤੇ ਧਿਆਨ ਦਿੰਦੇ ਹਾਂ।

604.568.2700 | **commongroundbc.ca**



# ਸੁਰੱਖਿਅਤ ਪੁਟਾਈ ਲਈ 6 ਕਦਮ

## ਪੁਟਾਈ ਕਰਨ ਤੋਂ ਪਹਿਲਾਂ...

1. ਪੁਟਾਈ ਕਰਨ ਵਾਲੇ ਖੇਤਰ ਦੀ ਸਾਫ ਸਾਫ ਨਿਸ਼ਾਨਦੇਹੀ ਕਰੋ ਅਤੇ ਉਸ ਨੂੰ ਦਿਖਾਉਂਦੀ ਚਿੱਟੀ ਲਾਈਨ ਵਾਹੋ।
2. **ਪੁਟਾਈ ਕਰਨ ਤੋਂ ਘੱਟੋ ਘੱਟ ਤਿੰਨ ਕੰਮਕਾਜੀ ਦਿਨ ਪਹਿਲਾਂ bc1c.ca 'ਤੇ ਕਲਿੱਕ ਕਰੋ ਜਾਂ BC 1 Call ਨੂੰ 1.800.474.6886 'ਤੇ ਫੋਨ ਕਰੋ***
3. ਸਹੂਲਤਾਂ ((ਯੁਟਿਲਟੀਜ਼)), ਪਾਈਪਲਾਈਨਾਂ, ਪ੍ਰਾਪਰਟੀ ਜਾਂ ਬੁਨਿਆਦੀ ਢਾਂਚੇ ਦੇ ਉਨ੍ਹਾਂ ਸਾਰੇ ਮਾਲਕਾਂ ਨਾਲ ਸੰਪਰਕ ਕਰੋ ਜੋ ਬੀ ਸੀ ਵਨ ਕਾਲ ਦੇ ਮੈਂਬਰ ਨਹੀਂ ਹਨ।
4. ਜ਼ਮੀਨ ਹੇਠਲੇ ਫੀਚਰਾਂ (ਕੈਲਸ਼ੀਅਮ ਕਾਰਬੋਨੇਟ ਆਦਿ) ਦੀਆਂ ਨਿਸ਼ਾਨੀਆਂ ਅਤੇ ਸੁਰੱਖਿਆ ਦੇ ਹੋਰ ਸਰੋਕਾਰਾਂ ਲਈ ਕੰਮ ਵਾਲੀ ਥਾਂ ਨੂੰ ਦੇਖ ਕੇ ਜਾਂਚ ਕਰੋ।
5. ਸਾਰੇ ਇਕਰਾਰਨਾਮੇ/ਪਰਮਿਟ ਲਵੋ ਅਤੇ ਉਨ੍ਹਾਂ ਨੂੰ ਸਾਈਟ 'ਤੇ ਰੱਖੋ।
6. ਜ਼ਮੀਨ ਹੇਠਲੀਆਂ ਸਹੂਲਤਾਂ (ਯੁਟਿਲਟੀਜ਼) ਦੀ ਥਾਂ ਦੀ ਪੁਸ਼ਟੀ ਕਰੋ ਅਤੇ ਉਨ੍ਹਾਂ ਨੂੰ ਹੱਥ ਨਾਲ ਜਾਂ ਪੁਟਾਈ ਕਰਨ ਦੇ ਹੋਰ ਪ੍ਰਮਾਣਿਤ ਨਾਨ-ਮਕੈਨੀਕਲ ਸਾਧਨਾਂ ਨਾਲ ਪੁਟਾਈ ਕਰ ਕੇ ਨੰਗਾ ਕਰੋ।

**ਹੋਰ ਜਾਣਕਾਰੀ ਅਤੇ ਪੁਟਾਈ ਕਰਨ ਦੇ ਸਭ ਤੋਂ ਵਧੀਆ ਅਮਲਾਂ ਦੀ ਜਾਣਕਾਰੀ commongroundbc.ca 'ਤੇ ਉਪਲਬਧ ਹੈ**

***ਸਹੂਲਤਾਂ (ਯੁਟਿਲਟੀਜ਼) ਦੇ ਕੁੱਝ ਮਾਲਕ ਤਿੰਨ ਦਿਨਾਂ ਤੋਂ ਵੱਧ ਸਮੇਂ ਦੀ ਮੰਗ ਕਰ ਸਕਦੇ ਹਨ ਅਤੇ ਨਿਯਮਾਂ ਅਧੀਨ ਤੁਹਾਡੇ ਲਈ ਉਨ੍ਹਾਂ ਦੀਆਂ ਸ਼ਰਤਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।**